# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ)
ਫੋਨ ਨੰ: 0172-5212307,2210019 E-mail-id-mdmpunjab@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ/ਜੀ.ਐਮ/2022/217650
ਮਿਤੀ: 16/11/2022

ਵਿਸ਼ਾ:- **PM-POSHAN Scheme (Earlier Known as Mid Day Meal Scheme) ਅਧੀਨ ਸਕੂਲ ਪੱਧਰ ਤੇ ਵਿਜਿਟ ਦੌਰਾਨ ਚੈਕਿੰਗ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਮਨਿਸਟਰੀ ਆਫ ਐਜੂਕੇਸ਼ਨ, ਨਵੀ ਦਿੱਲੀ ਵੱਲੋਂ ਕੁਝ ਸਕੂਲਾਂ ਦਾ ਅਚਨਚੇਤ ਨਿਰੀਖਣ ਕੀਤਾ ਜਾਣਾ ਹੈ ਅਤੇ ਵੱਖ ਵੱਖ ਪੈਰਾਮੀਟਰਜ਼ ਤੇ ਸਕੀਮ ਨੂੰ ਘੋਖਿਆ ਜਾ ਸਕਦਾ ਹੈ ਇਸ ਲਈ ਆਪ ਵੱਲੋਂ, ਉਪ-ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਵੱਲੋ, ਬੀ.ਪੀ.ਈ.ਓਜ਼ ਵੱਲੋ ਅਤੇ ਸਹਾਇਕ ਬਲਾਕ ਮੈਨੇਜਰਜ, ਮਿਡ ਡੇ ਮੀਲ ਵੱਲੋ ਜਦੋ ਵੀ ਸਕੂਲਾਂ ਦਾ ਨਿਰੀਖਣ ਕੀਤਾ ਜਾਵੇ ਤਾਂ ਉਸ ਦੇ ਨਾਲ ਨਾਲ ਮਿਡ ਡੇ ਮੀਲ ਦਾ ਨਿਰੀਖਣ ਯਕੀਨੀ ਬਣਾਇਆ ਜਾਵੇ ਅਤੇ ਨਿਰੀਖਣ ਦੌਰਾਨ ਹੇਠ ਦਿੱਤੇ ਵੇਰਵਿਆਂ ਅਨੁਸਾਰ ਚੈਕਿੰਗ ਯਕੀਨੀ ਬਣਾਈ ਜਾਵੇ:-

1) ਸਕੂਲ ਵਿੱਚ ਫੂਡਗ੍ਰੇਨ ਦੀ ਉਪਲੱਬਧਤਾ ਚੈੱਕ ਕੀਤੀ ਜਾਵੇ, ਫਿਜੀਕਲ ਰੂਪ ਵਿੱਚ ਸਟੋਰ ਵਿੱਚ ਪਏ ਅਨਾਜ ਅਤੇ ਸਟਾਕ ਰਜਿਸਟਰ ਵਿੱਚ ਦਰਜ ਵੇਰਵਿਆਂ ਦਾ ਮਿਲਾਨ ਕੀਤਾ ਜਾਵੇ ਅਤੇ ਲਿਖਿਆ ਜਾਵੇ, ਕੀ ਰਿਕਾਰਡ ਮੁਤਾਬਕ ਵੇਰਵੇ ਸਹੀ ਸਨ ਜਾਂ ਨਹੀ, ਸਟਾਕ ਰਜਿਸਟਰ ਅਤੇ ਪਨਸਪ ਦੀਆਂ ਰਸੀਦਾਂ ਨੂੰ ਚੈੱਕ ਕੀਤਾ ਜਾਵੇ।
2) ਕੀ ਮਿਡ ਡੇ ਮੀਲ ਸਬੰਧੀ ਦਿੱਤੀ ਜਾਂਦੀ ਕੁਕਿੰਗ ਕਾਸਟ ਦੀ ਰਾਸ਼ੀ ਨੂੰ ਸਮੇਂ ਸਿਰ ਵਰਤਿਆ ਜਾ ਰਿਹਾ ਹੈ ਜਾਂ ਨਹੀਂ?
3) E-Punjab app ਦੀ ਵਰਤੋਂ ਕੀਤੀ ਜਾ ਰਹੀ ਹੈ ਜਾਂ ਨਹੀ, ਇਸ ਐਪ ਤੇ ਸਕੂਲ ਮੁਖੀ ਵੱਲੋਂ ਰੋਜਾਨਾ ਡਾਟਾ ਫੀਡ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਰੈਡਮ ਤੋਰ ਤੇ ਕਿਸੇ ਇੱਕ ਦਿਨ ਦੀ ਹਾਜ਼ਰੀ ਰਿਪੋਰਟ ਨੂੰ ਐਪ ਦੇ ਡਾਟੇ ਨਾਲ ਚੈੱਕ ਕੀਤਾ ਜਾਵੇ।
4) ਸਕੂਲ ਵਿੱਚ ਮੀਨੂੰ ਸਮੇਤ Norms ਡਿਸਪਲੇਅ ਕੀਤਾ ਗਿਆ ਹੈ ਜਾਂ ਨਹੀਂ।
5) ਕੀ RBSKਅਧੀਨ IFA Tablets/Albendazol ਦਾ ਸਟਾਕ ਸਕੂਲ ਵਿੱਚ ਉਪਲੱਬਧ ਹੈ ਜਾਂ ਨਹੀ ਅਤੇ ਕੀ ਇਹ ਸਟਾਕ ਸਮੱਰਥ ਕਰਮਚਾਰੀ ਦੀ ਕਸਟਡੀ ਵਿੱਚ ਹੈ ਜਾਂ ਨਹੀਂ?
6) ਕੀ ਸਕੂਲ ਵਿੱਚ ਕਿਚਨ ਸੈਂਡ ਬਣਿਆ ਹੋਇਆ ਹੈ, ਜੇਕਰ ਹਾਂ ਤਾਂ ਕਿਚਨ ਸ਼ੈਡ ਅਤੇ ਸਟੋਰੇਜ ਦੀ ਸਾਫ-ਸਫਾਈ ਰੱਖੀ ਜਾ ਰਹੀ ਹੈ ਜਾਂ ਨਹੀ?
7) ਕੀ ਸਕੂਲ ਵਿੱਚ ਕਿਚਨ ਡਿਵਾਇਸਿਸ ਜਿਸ ਵਿੱਚ ਗੈਸ ਸਿਲੰਡਰ, ਭੱਠੀ ਅਤੇ ਖਾਣਾ ਬਣਾਉਣ ਵਾਲੇ ਬਰਤਨਾਂ ਦੀ ਗਰਾਂਟ ਸ਼ਾਮਿਲ ਹੈ, ਉਪਲੱਬਧ ਹੈ ਅਤੇ ਇਸ ਦੇ ਨਾਲ ਹੀ ਕਿਚਨ ਵਿੱਚ ਅੱਗ ਬੁਝਾਓ ਯੰਤਰ ਲੱਗੇ ਹਨ ਜਾਂ ਨਹੀਂ, ਕੀ ਇਨ੍ਹਾਂ ਦੀ ਵੈਲੀਡਿਟੀ ਹੈ ਜਾਂ ਨਹੀ ਮਤਲਬ ਕੀ ਇਹ ਯੰਤਰ ਨੂੰ ਰੀਫਿੱਲ ਕਰਵਾਇਆ ਗਿਆ ਹੈ ਜਾਂ ਨਹੀ?
8) ਕੀ ਸਕੂਲ ਵਿੱਚ ਬੱਚਿਆ ਦੀ ਗਿਣਤੀ ਅਨੁਸਾਰ ਕੁੱਕ ਕਮ ਹੈਲਪਰ ਰੱਖੇ ਗਏ ਹਨ ਜਾਂ ਨਹੀ?

ਕੀ ਸਕੂਲ ਵਿੱਚ ਕੰਮ ਕਰਦੇ ਕੁੱਕ ਕਮ ਹੈਲਪਰਾਂ ਦਾ ਮਾਣਭੱਤਾ ਸਮੇਂ ਸਿਰ ਉਹਨਾਂ ਦੇ ਬੈਂਕ ਖਾਤਿਆ ਵਿੱਚ ਮਿਲ ਰਿਹਾ ਹੈ ਜਾਂ ਨਹੀ?

9) ਕੀ ਕੁੱਕ ਕਮ ਹੈਲਪਰਾਂ ਵੱਲੋ ਆਪਣੇ ਹੱਥਾਂ ਦੇ ਨੌਂ ਕੱਟੇ ਹੋਏ ਹਨ ਅਤੇ ਉਹਨਾਂ ਦੀ ਹੈਲਥ ਸਹੀ ਵਾ ਦਰੁਸਤ ਹੈ ਜਾਂ ਨਹੀ?

10) ਕੀ ਸਕੂਲ ਵਿੱਚ ਕਿਚਨ ਗਾਰਡਨ ਬਣਾਇਆ ਗਿਆ ਹੈ ਜਾਂ ਨਹੀ, ਅਤੇ ਜੇਕਰ ਸਕੂਲ ਵਿੱਚ ਕਿਚਨ ਗਾਰਡਨ ਲਈ ਥਾਂ ਨਹੀ ਹੈ ਤਾਂ ਕੀ ਸਕੂਲ ਵੱਲੋ ਪ੍ਰਾਪਤ ਹੋਈ ਗ੍ਰਾਂਟ ਦੇ ਸਨਮੁੱਖ ਗਮਲੇ ਆਦਿ ਵਿੱਚ ਇਹ ਲਗਾਏ ਗਏ ਹਨ ਜਾਂ ਨਹੀ?

ਉਕਤ ਸਬੰਧੀ ਚੈਕਿੰਗ ਦੌਰਾਨ ਜੇਕਰ ਕੋਈ ਖਾਮੀਆਂ/ਉਣਤਾਈਆਂ ਪਾਈਆਂ ਜਾਂਦੀਆਂ ਹਨ ਤਾਂ ਉਸ ਸਬੰਧੀ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਇਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਜਨਰਲ ਮੈਨੇਜਰ

ਪਿੱ.ਅੰ.ਨੰ.ਐਮ.ਡੀ.ਐਮ.ਐਸ/ਜੀ.ਐਮ/2022/ 997651 ਮਿਤੀਃ 16/11/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ (ਜਿਲ੍ਹਾ ਦਫਤਰ ਰਾਂਹੀ)
3) ਸਮੂਹ ਸਹਾਇਕ ਬਲਾਕ ਮੈਨੇਜਰਜ਼/ਬਲਾਕ ਮਿਡ ਡੇ ਮੀਲ ਇੰਚਾਰਜਿਸ। (ਬਲਾਕ ਦਫਤਰ ਰਾਂਹੀ)